ਮਿੱਠੇ ਬੱਚੇ:- "ਮਿੱਠੇ ਬੱਚੇ :- ਸਰਵਿਸ ਦੇ ਵਾਧੇ ਲਈ ਨਵੇਂ ਨਵੇਂ ਤਰੀਕੇ ਕੱਢੋ, ਪਿੰਡ-2 ਜਾ ਕੇ ਸਰਵਿਸ ਕਰੋ। ਸਰਵਿਸ ਕਰਨ ਦੇ ਲਈ ਗਿਆਨ ਦੀ ਬਹੁਤ ਸਮਝ ਚਾਹੀਦੀ ਹੈ।"

ਪ੍ਰਸ਼ਨ:- ਪ੍ਰਸ਼ਨ:- ਬੁੱਧੀ ਤੋਂ ਪੁਰਾਣੀ ਦੁਨੀਆ ਭੁਲਦੀ ਜਾਵੇ- ਇਸਦੀ ਸਹਿਜ ਯੁਕਤੀ ਕੀ ਹੈ?

ਉੱਤਰ:- ਘਰ ਨੂੰ ਘੜੀ-ਘੜੀ ਯਾਦ ਕਰੋ। ਬੁੱਧੀ ਵਿਚ ਰਹੇ ਹੁਣ ਮੌਤ ਦੀ ਦੁਨੀਆ ਤੋਂ ਹਿਸਾਬ ਕਿਤਾਬ ਚੁਕਤੂ ਕਰਕੇ ਅਮਰਲੋਕ ਜਾਣਾ ਹੈ। ਦੇਹ ਤੋਂ ਵੀ ਬੇਘਰ, ਇਹ ਦੇਹ ਵੀ ਆਪਣੀ ਨਹੀਂ- ਇਸ ਤਰ੍ਹਾਂ ਦਾ ਅਭਿਆਸ ਹੋਵੇ ਤਾਂ ਪੁਰਾਣੀ ਦੁਨੀਆ ਭੁੱਲ ਜਾਵੇਗੀ। ਇਸ ਪੁਰਾਣੀ ਦੁਨੀਆ ਵਿਚ ਰਹਿੰਦੇ ਆਪਣੀ ਪਰਿਪਕਵ ਅਵਸਥਾ ਬਨਾਉਣੀ ਹੈ। ਇਕਰਸ ਅਵਸਥਾ ਦੇ ਲਈ ਮੇਹਨਤ ਕਰਨੀ ਹੈ।

ਗੀਤ:- ਮਾਤਾ ਓ ਮਾਤਾ...

ਓਮ ਸ਼ਾਂਤੀ। ਜਗਤ ਅੰਬਾ ਦੀ ਮਹਿਮਾ ਭਾਰਤ ਵਿਚ ਬਹੁਤ ਹੈ। ਜਗਤ- ਅੰਬਾ ਨੂੰ ਭਾਰਤਵਾਸੀਆਂ ਦੇ ਸਿਵਾਏ ਕੋਈ ਵੀ ਜਾਣਦੇ ਨਹੀਂ। ਨਾਮ ਸੁਣਿਆ ਹੈ ਜਿਸਨੂੰ ਈਵ ਮਤਲਬ ਬੀਬੀ ਵੀ ਕਹਿੰਦੇ ਹਨ। ਹੁਣ ਤੁਹਾਡੀ ਬੁੱਧੀ ਵਿਚ ਹੈ ਕਿ ਬੀਬੀ ਅਤੇ ਮਾਲਿਕ ਦੇ ਸਿਵਾਏ ਰਚਨਾ ਤਾਂ ਰਚੀ ਨਹੀਂ ਜਾ ਸਕਦੀ। ਜਰੂਰ ਜਗਤ ਅੰਬਾ ਨੂੰ ਪ੍ਰਗਟ ਹੋਣਾ ਪਵੇ। ਜਰੂਰ ਸੀ ਤਾਂ ਹੀ ਤੇ ਗਾਇਨ ਕਰਦੇ ਹਨ। ਭਾਰਤ ਦੀ ਮਹਿਮਾ ਬਹੁਤ ਹੈ। ਸਵਰਗ ਵੀ ਕਹਿੰਦੇ ਹਨ ਅਤੇ ਇਹ ਵੀ ਜਾਣਦੇ ਹਨ ਕਿ ਭਾਰਤ ਹੀ ਪ੍ਰਾਚੀਨ ਸੀ। ਇਸਲਈ ਜਰੂਰ ਹੈਵਿਨ ਹੋਣਾ ਚਾਹੀਦਾ ਹੈ। ਇਹ ਤੁਸੀਂ ਈਸ਼ਵਰ ਦੀ ਔਲਾਦ ਬਿਗਰ ਕੋਈ ਸਮਝ ਨਹੀਂ ਸਕਦਾ। ਜਿਨ੍ਹਾਂ ਨੇ ਕਲਪ ਪਹਿਲਾ ਸਮਝਿਆ ਹੈ ਉਹ ਹੀ ਆਉਂਦੇ ਰਹਿਣਗੇ। ਪ੍ਰਦਰਸ਼ਨੀ ਚਲਦੀ ਹੈ। ਸਮਝਦੇ ਹਨ ਕਲਪ ਪਹਿਲਾ ਵੀ ਕੀਤੀ ਹੋਵੇਗੀ। ਸਭ ਨੂੰ ਸਮਝਾਉਣ ਲਈ ਅੱਖਰ ਬੜੇ ਵਧੀਆ ਹਨ। ਪਵਿੱਤਰ ਆਤਮਾ, ਪਵਿੱਤਰਤਾ ਦੇ ਨਾਲ ਤੁਸੀਂ ਲਾਇਟ ਦਾ ਤਾਜ ਪਾਉਂਦੇ ਹੋ। ਦੂਜਾ ਪੁੰਨ ਆਤਮਾ ਉਸਨੂੰ ਕਿਹਾ ਜਾਂਦਾ ਹੈ ਜੋ ਦਾਨ ਪੁੰਨ ਕਰਦੇ ਹਨ। ਉਸਨੂੰ ਅੰਗ੍ਰੇਜ਼ੀ ਵਿਚ ਫਲੇਨਥੋਫਰਿਸਟ ਵੀ ਕਿਹਾ ਜਾਂਦਾ ਹੈ। ਪਵਿੱਤਰ ਨੂੰ ਵਾਈਸਲੈੱਸ ਕਹਾਂਗੇ। ਵੱਖ - ਵੱਖ ਅੱਖਰ ਹਨ। ਭਾਰਤ ਵਿਚ ਦਾਨ ਪੁੰਨ ਹੁੰਦਾ ਤਾਂ ਬਹੁਤ ਹੈ, ਪਰ ਅਕਸਰ ਕਰਕੇ ਦਾਨ ਕਰਦੇ ਹਨ ਗੁਰੂਆਂ ਨੂੰ। ਹੁਣ ਉਨ੍ਹਾਂ ਨੂੰ ਪਵਿਤ੍ਰ ਆਤਮਾ ਤਾਂ ਭਾਵੇਂ ਕਹੀਏ, ਪਰ ਪੁੰਨ ਆਤਮਾ ਨਹੀਂ ਕਹਿ ਸਕਦੇ। ਉਹ ਦਾਨ ਪੁੰਨ ਨਹੀਂ ਕਰਦੇ ਹਨ ਉਹ ਤੇ ਦਾਨ ਪੁੰਨ ਲੈਂਦੇ ਹਨ। ਤਾਂ ਇਨ੍ਹਾਂ ਸਭ ਤੋਂ ਬੁੱਧੀ ਯੋਗ ਟੁੱਟ ਕੇ ਬਾਪ ਨਾਲ ਜੁੜ ਜਾਏ, ਇਸਦੇ ਲਈ ਬਾਪ ਨੂੰ ਸਮਝਾਉਣਾ ਪੈਂਦਾ ਹੈ ਕਿ ਇਹ ਠੀਕ ਨਹੀਂ ਹੈ। ਇਨ੍ਹਾਂ ਸਾਰਿਆਂ ਦਾ ਉਧਾਰ ਕਰਨ ਮੈਂ ਆਉਂਦਾ ਹਾਂ। ਤੁਸੀਂ ਗਿਆਨ ਸਾਗਰ ਵਿੱਚੋ ਨਿਕਲੀਆਂ ਹੋਈਆਂ ਗਿਆਨ ਗੰਗਾਵਾਂ ਹੋ। ਅਸਲ ਵਿਚ ਗੰਗਾ ਅੱਖਰ ਰਾਈਟ ਨਹੀਂ ਹੈ, ਪਰ ਗਾਇਨ ਚਲਿਆ ਆਉਂਦਾ ਹੈ। ਇਸਲਈ ਭੇਂਟ ਕੀਤੀ ਜਾਂਦੀ ਹੈ। ਬਾਪ ਆਕੇ ਪੁਰਾਣੀ ਦੁਨੀਆ ਦੀਆਂ ਸਾਰੀਆਂ ਪੁਰਾਣੀਆਂ ਚੀਜ਼ਾਂ ਨੂੰ ਨਵਾਂ ਬਣਾਉਂਦੇ ਹਨ। ਸਵਰਗ ਨਵੀ ਚੀਜ਼ ਹੈ। ਨਵੀ ਚੀਜ਼ ਦਾ ਸਮਾਚਾਰ ਬਾਪ ਹੀ ਜਾਣਦੇ ਹਨ, ਦੁਨੀਆ ਨਹੀਂ ਜਾਣਦੀ ਹੈ।

ਭਗਵਾਨੁਵਾਚ ਹੈ ਪਰ ਗੀਤਾ ਵਿਚ ਸ਼੍ਰੀਕ੍ਰਿਸ਼ਨ ਦਾ ਨਾਮ ਪਾ ਕੇ ਸਭ ਦਾ ਬੁੱਧੀਯੋਗ ਟੁੱਟ ਗਿਆ ਹੈ। ਇਸਲਈ ਸਰਵਵਿਆਪੀ ਕਹਿ ਦਿੱਤਾ ਹੈ। ਸ਼੍ਰੀਕ੍ਰਿਸ਼ਨ ਦੇ ਨਾਲ ਬਹੁਤਿਆਂ ਦਾ ਬੁੱਧੀ ਯੋਗ ਹੈ, ਜਿਥੇ ਵੀ ਗੀਤਾ ਦਾ ਮਾਨ ਹੈ ਤਾਂ ਜਿਵੇਂ ਸ਼੍ਰੀਕ੍ਰਿਸ਼ਨ ਦਾ ਮਾਨ ਹੈ। ਅਸਲ ਵਿਚ ਬਾਪ ਦੀ ਮਹਿਮਾ ਦੀ ਟੋਪੀ ਬੱਚੇ ਦੇ ਉਪਰ ਆ ਗਈ ਹੈ। ਇਹ ਵੀ ਡਰਾਮਾ ਵਿਚ ਨੂੰਧ ਹੈ। ਇਹ ਬਾਪ ਆਕੇ ਸਮਝਾਉਂਦੇ ਹਨ।

ਬਾਬਾ ਬਾਰ - ਬਾਰ ਸਮਝਾਉਂਦੇ ਹਨ- ਜਦੋ ਕੋਈ ਆਉਂਦੇ ਹਨ ਤਾਂ ਹਰ ਇਕ ਦਾ ਆਕੁਪੇਸ਼ਨ ਪੁੱਛੋ ਇਸ ਨਾਲ ਤੁਹਾਡਾ ਕੀ ਸੰਬੰਧ ਹੈ? ਬਾਬਾ ਨੇ ਪ੍ਰਸ਼ਨਾਵਲੀ ਚੰਗੀ ਬਣਾਈ ਹੈ। ਸਰਵਿਸ ਤਾਂ ਬੜੀ ਚੰਗੀ ਹੋ ਸਕਦੀ ਹੈ। ਸਰਵਿਸ ਤਾਂ ਜਗਤ ਅੰਬਾ ਦੇ ਮੰਦਿਰ ਵਿਚ ਬੜੀ ਚੰਗੀ ਹੋ ਸਕਦੀ ਹੈ, ਓਥੇ ਜਾ ਕੇ ਸਮਝਾਓ ਇਹ ਹੈ ਜਗਤ ਅੰਬਾ ਸ੍ਰਿਸ਼ਟੀ ਨੂੰ ਰਚਨ ਵਾਲੀ ਮਾਤਾ। ਕਿਹੜੀ ਦੁਨੀਆ ਰਚਦੀ ਹੈ? ਜਰੂਰ ਨਵੀ ਦੁਨੀਆ ਰਚੇਗੀ। ਅੱਛਾ ਇਸ ਮਾਤਾ ਦਾ ਪਿਤਾ ਕੌਣ ਹੈ? ਇਨ੍ਹਾਂ ਨੂੰ ਜਨਮ ਕਿਸਨੇ ਦਿੱਤਾ? ਮਨੁੱਖ ਤਾ ਮੁਖ ਵੰਸ਼ਾਵਲੀ ਦਾ ਅਰਥ ਵੀ ਨਹੀਂ ਸਮਝ ਸਕਦੇ ਹਨ। ਤੁਸੀਂ ਜਾਣਦੇ ਹੋ ਇਨ੍ਹਾਂ ਨੂੰ ਪਰਮਪਿਤਾ ਪਰਮਾਤਮਾ ਨੇ ਜਨਮ ਦਿੱਤਾ ਹੈ। ਤੁਸੀਂ ਬੱਚਿਆਂ ਨੂੰ ਵੀ ਸਮਝਾਉਣਾ ਪਵੇ। ਜਗਤ ਅੰਬਾ ਮੁਖ ਵੰਸ਼ਵਾਲੀ ਹੈ ਪਰੰਤੂ ਕਿਵੇਂ? ਪਰਮਪਿਤਾ ਪਰਮਾਤਮਾ ਤਾਂ ਨਿਰਾਕਾਰ ਹੈ, ਸਮਝਾਇਆ ਜਾਂਦਾ ਹੈ ਬ੍ਰਹਮਾ ਤਨ ਨਾਲ ਪਰਮਪਿਤਾ ਪਰਮਾਤਮਾ ਨੇ ਆਕੇ ਜਿਵੇਂ ਇਸ ਬ੍ਰਹਮਾ ਨੂੰ ਅੱਡਾਪਟ ਕੀਤਾ, ਉਵੇਂ ਬੱਚੀ ਨੂੰ ਵੀ ਕੀਤਾ ਹੈ। ਇਹ ਗੱਲਾਂ ਸਭ ਦੀ ਬੁੱਧੀ ਵਿਚ ਸਥਾਈ ਨਹੀਂ ਠਹਿਰਦੀਆ। ਘੜੀ-ਘੜੀ ਭੁੱਲ ਜਾਂਦੇ ਹਨ। ਬੱਚੇ ਸਰਵਿਸ ਤਾਂ ਬਹੁਤ ਕਰ ਸਕਦੇ ਹਨ। ਜਗਤ ਅੰਬਾ ਦੇ ਮੰਦਿਰ ਵਿਚ ਪਰਿਚਏ ਦੇਣਾ ਚਾਹੀਦਾ ਹੈ। ਤਾਂ ਜੋ ਉਨ੍ਹਾਂ ਦਾ ਬੁੱਧੀਯੋਗ ਬਾਪ ਨਾਲ ਲੱਗੇ। ਜਗਤ ਅੰਬਾ ਵੀ ਉਨ੍ਹਾਂ ਨਾਲ ਯੋਗ ਲਗਾਉਂਦੀ ਹੈ। ਤਾਂ ਅਸੀਂ ਵੀ ਉਨ੍ਹਾਂ ਨਾਲ ਯੋਗ ਲਗਾਈਏ। ਹੇਠਾਂ ਜਗਤ ਅੰਬਾ ਤਪ ਕਰ ਰਹੀ ਹੈ। ਉਨ੍ਹਾਂ ਦਾ ਮੰਦਿਰ ਉਪਰ ਹੈ। ਥੱਲੇ ਰਾਜਯੋਗ ਦੀ ਤੱਪਸਿਆ ਕਰ ਰਹੇ ਹਨ, ਫਿਰ ਰਾਜ - ਰਾਜੇਸ਼ਵਰੀ ਸਵਰਗ ਦੀ ਮਾਲਿਕ ਬਣਦੀ ਹੈ ਸਤਿਯੁਗ ਵਿਚ। ਹਾਲੇ ਹੈ ਕਲਯੁਗ। ਫਿਰ ਜਦੋਂ ਤਪ ਵਿਚ ਬੈਠੇ ਤਾਂ ਤੇ ਸਵਰਗ ਦਾ ਮਾਲਿਕ ਬਨੇ ਨਾ। ਤੁਹਾਡੀ ਬੁੱਧੀ ਵਿਚ ਇਹ ਸਾਰਾ ਗਿਆਨ ਰਹਿਣਾ

ਚਾਹੀਦਾ ਹੈ। ਇਹ ਸੱਚੀ ਰਾਏ ਮਨੁੱਖਾਂ ਨੂੰ ਦਿੱਤੀ ਜਾਂਦੀ ਹੈ। ਤੁਸੀਂ ਹਰ ਇਕ ਦਾ ਪਰਿਚਏ ਦਿੰਦੇ ਹੋ। ਪਰੰਤੂ ਸਭ ਦੀ ਬੁੱਧੀ ਵਿਚ ਕੋਈ ਜਲਦੀ ਥੋੜੀ ਬੈਠ ਸਕਦਾ ਹੈ। ਬੈਠੇ ਓਦੋ ਜਦੋ ਸਰਵਿਸ ਵਿਚ ਲਗ ਜਾਣ। ਚਿੱਤਰ ਵੀ ਬਹੁਤ ਚੰਗੇ ਬਣੇ ਹੋਏ ਹਨ। ਲਕਸ਼ਮੀ - ਨਰਾਇਣ ਦੇ ਮੰਦਿਰ ਵਿਚ ਜਾ ਕੇ ਸਮਝਾ ਸਕਦੇ ਹੋ। ਬਾਬਾ ਕਹਿੰਦੇ ਹਨ- ਮੇਰੇ ਭਗਤਾਂ ਨੂੰ ਸੁਣਾਓ। ਭਗਤ ਜਰੂਰ ਮੰਦਿਰ ਵਿਚ ਹੀ ਮਿਲਣਗੇ। ਉਨ੍ਹਾਂ ਨੂੰ ਪਿਆਰ ਨਾਲ ਸਮਝਾਓ ਇਹ ਜਿਹੜੇ ਲਕਸ਼ਮੀ - ਨਰਾਇਣ ਦੇ ਚਿੱਤਰ ਹਨ, ਇਨ੍ਹਾਂ ਦੇ ਲਈ ਸਾਰੇ ਕਹਿਣਗੇ ਇਹ ਸਵਰਗ ਦੇ ਮਾਲਿਕ ਸਨ। ਅੱਛਾ, ਹੁਣ ਕੀ ਹੈ? ਜਰੂਰ ਕਹਿਣਗੇ ਕਲਯੁੱਗ। ਕਲਯੁੱਗ ਵਿਚ ਦੁੱਖ ਹੀ ਦੁੱਖ ਹੈ, ਫਿਰ ਇਨ੍ਹਾਂ ਨੂੰ ਬਾਦਸ਼ਾਹੀ ਕਿਵੇਂ ਮਿਲੀ? ਤੁਸੀਂ ਜਾਣਦੇ ਹੋ ਤਾਂ ਸਭ ਨੂੰ ਸੁਣਾ ਸਕਦੇ ਹੋ। ਇਕ ਨੂੰ ਸਮਝਾਵਾਂਗੇ ਤਾ ਸਤਿਸੰਗ ਇਕੱਠਾ ਹੋ ਜਾਵੇਗਾ। ਫਿਰ ਸਾਰੇ ਕਹਿਣਗੇ, ਸਾਡੇ ਕੋਲ ਆਓ। ਮੰਦਿਰ ਵਿਚ ਬੜਾ ਮੇਲਾ ਲਗਦਾ ਹੈ। ਰਾਮ ਦੇ ਮੰਦਿਰ ਵਿਚ ਜਾ ਕੇ ਉਨ੍ਹਾਂ ਦਾ ਆਕੂਪੇਸ਼ਨ ਦਸ ਸਕਦੇ ਹੋ। ਹੌਲੀ - ਹੌਲੀ ਯੁਕਤੀ ਨਾਲ ਸਮਝਾਉਣਾ ਚਾਹੀਦਾ ਹੈ। ਕਈ ਬੱਚੇ ਲਿਖਦੇ ਹਨ ਬਾਬਾ ਅਸੀਂ ਇਵੇਂ -2 ਸਮਝਾਇਆ। ਇਕ ਨੂੰ ਸਮਝਾਉਣ ਨਾਲ ਦੂਜੇ ਵੀ ਬੁਲਾਉਂਦੇ ਹਨ। ਸਾਡੇ ਘਰ ਵਿਚ ਵੀ ਸੱਤ ਦਿਨ ਭਾਸ਼ਣ ਚੱਲੇ ਤਾਂ ਚੰਗਾ ਹੈ ਫਿਰ ਓਥੋਂ ਕੋਈ ਹੋਰ ਨਿਕਲੇਗਾ। ਕੋਈ ਵੀ ਬੁਲਾਵੇ, ਉਸਨੂੰ ਇਸ ਤਰ੍ਹਾਂ ਸਮਝਾਓਣਾ ਚਾਹੀਦਾ ਹੈ ਜੋ ਛੱਡੇ ਨਹੀਂ। ਭਾਸ਼ਣ ਕਰਨ ਨਾਲ ਲਾਗੇ-2 ਦੇ ਮਿੱਤਰ ਸੰਬੰਧੀ ਵੀ ਸਾਰੇ ਇਕੱਠੇ ਹੋਣਗੇ। ਇਸ ਤਰ੍ਹਾਂ ਵੀ ਵਾਧਾ ਹੁੰਦਾ ਹੈ। ਸੈਂਟਰ ਤੇ ਇਨੇ ਨਹੀਂ ਆ ਸਕਦੇ ਹਨ। ਇਹ ਚੰਗੀ ਯੁੱਕਤੀ ਹੈ। ਅਜਿਹੀ ਮੇਹਨਤ ਕਰਨੀ ਚਾਹੀਦੀ ਹੈ। ਮੇਹਨਤ ਦਾ ਤਰੀਕਾ ਮੁਸ਼ਕਿਲ ਕਿਸੇ ਨੂੰ ਆਉਂਦਾ ਹੈ। ਗਿਆਨ ਦੀ ਰੋਸ਼ਨੀ ਚਾਹੀਦੀ ਹੈ। ਬਾਬਾ ਕਿੰਨੀ ਦੂਰ ਤੋਂ ਸਾਨੂੰ ਸਿਖਲਾਉਣ ਲਈ ਆਇਆ ਹੈ। ਜੇਕਰ ਸਰਵਿਸ ਨਹੀਂ ਕਰਾਂਗੇ ਤਾਂ ਉਂਚ ਪਦਵੀ ਪਾ ਨਹੀਂ ਸਕਦੇ। ਸਕੂਲ ਵਿਚ ਬੜੇ ਵਧੀਆ ਚਮਤਕਾਰੀ ਹੁੰਦੇ ਹਨ, ਉਛਲਦੇ ਰਹਿੰਦੇ ਹਨ। ਇਹ ਵੀ ਪੜਾਈ ਹੈ, ਇਹ ਵੰਡਰਫੁਲ ਪੜਾਈ ਹੈ - ਇਸ ਵਿਚ ਬੁੱਢੇ ਜਵਾਨ ਬੱਚੇ ਸਭ ਪੜਦੇ ਹਨ। ਗਰੀਬਾਂ ਨੂੰ ਹੋਰ ਵੀ ਚੰਗਾ ਮੌਕਾ ਹੈ। ਸੰਨਿਆਸੀ ਵੀ ਅਸਲ ਵਿਚ ਗਰੀਬ ਹਨ। ਕਿੰਨੇ ਵੱਡੇ-2 ਅਮੀਰ ਮਨੁੱਖ ਆਪਣੇ ਕੋਲ ਬੁਲਾਂਉਂਦੇ ਹਨ। ਸੰਨਿਆਸੀਆਂ ਨੇ ਘਰ ਬਾਰ ਛੱਡਿਆ ਬੇਘਰ ਹੋ ਗਏ। ਕੁਝ ਵੀ ਉਨ੍ਹਾਂ ਦੇ ਕੋਲ ਨਹੀਂ ਹੈ। ਤੁਸੀਂ ਵੀ ਹਾਲੇ ਬੇਘਰ ਹੋ ਫਿਰ ਪ੍ਰਿੰਸ ਬਣਦੇ ਹੋ। ਉਹ ਵੀ ਬੇਘਰ ਹਨ, ਇਸ ਵਿਚ ਪਵਿੱਤਰਤਾ ਦੀ ਗੱਲ ਹੈ। ਤੁਹਾਡੇ ਕੋਲ ਹੋਰ ਕੁਝ ਨਹੀਂ ਹੈ। ਤੁਸੀਂ ਦੇਹ ਨੂੰ ਵੀ ਭੁੱਲ ਜਾਂਦੇ ਹੋ। ਦੇਹ ਸਮੇਤ ਸਭ ਕੁਝ ਤਿਆਗ ਕੇ ਬਾਪ ਦੇ ਬਣਦੇ ਹੋ। ਜਿਨ੍ਹਾਂ ਇਕ ਬਾਪ ਨੂੰ ਯਾਦ ਕਰੋਗੇ ਓਨੀ ਹੀ ਧਾਰਨਾ ਹੋਵੇਗੀ। ਇਕ ਰਸ ਧਾਰਨਾ ਹੋ ਜਾਵੇ ਉਸ ਦੇ ਲਈ ਮੇਹਨਤ ਚਾਹੀਦੀ ਹੈ। ਅਸੀਂ ਬਾਬਾ ਦੇ ਕੋਲ ਜਾਣਾ ਹੈ ਤਾਂ ਇਸ ਪੁਰਾਣੀ ਦੁਨੀਆ ਦਾ ਖ਼ਿਆਲ ਕੀ ਰਖੀਏ? ਜਦੋਂ ਤੱਕ ਪੱਕੀ ਅਵਸਥਾ ਹੋ ਜਾਵੇ ਤਦ ਤੱਕ ਇਸ ਪੁਰਾਣੀ ਦੁਨੀਆ ਪੁਰਾਣੇ ਸ਼ਰੀਰ ਵਿਚ ਹਾਂ।

ਹੁਣ ਤੁਸੀਂ ਗ੍ਰਹਿਸਤ ਵਿਵਹਾਰ ਵਿਚ ਰਹਿ ਕੇ ਪਵਿੱਤਰ ਬਣਨਾ ਹੈ। ਇਸ ਮੌਤ ਦੀ ਦੁਨੀਆ ਤੋਂ ਹਿਸਾਬ ਕਿਤਾਬ ਚੁਕਤੁ ਹੁੰਦਾ ਹੈ। ਹੁਣ ਅਮਰਲੋਕ ਜਾਣਾ ਹੈ। ਘਰ ਨੂੰ ਘੜੀ-ਘੜੀ ਯਾਦ ਕਰਨ ਨਾਲ ਪੁਰਾਣੀ ਦੁਨੀਆ ਭੁਲਦੀ ਜਾਵੇਗੀ। ਬੋਲੋ, ਗੀਤਾ ਵਿਚ ਬਾਬਾ ਨੇ ਕੀ ਕਿਹਾ ਹੈ? ਭਗਵਾਨ ਨੂੰ ਬਾਬਾ ਕਿਹਾ ਜਾਂਦਾ ਹੈ। ਨਿਰਾਕਾਰ ਬਾਬਾ ਕਹਿੰਦੇ ਹਨ- ਮਾਮੇਕਮ ਯਾਦ ਕਰੋ। ਯੋਗ ਅਗਨੀ ਨਾਲ ਤੁਹਾਡੇ ਵਿਕਰਮ ਵਿਨਾਸ਼ ਹੋ ਜਾਣਗੇ। ਇਹ ਭਗਵਾਨ ਦੇ ਮਹਾਵਾਕ ਹਨ ਕਿ ਇਸ ਪੁਰਾਣੀ ਦੁਨੀਆ ਅਤੇ ਪੁਰਾਣੀ ਦੇਹ ਨੂੰ ਛੱਡੋ। ਦੇਹੀ -ਅਭਿਮਾਨੀ ਬਣ ਕੇ ਲਗਾਤਾਰ ਬਾਬਾ ਨੂੰ ਯਾਦ ਕਰੋ, ਭਗਵਾਨ ਹੈ ਨਿਰਾਕਾਰ। ਆਤਮਾ ਸ਼ਰੀਰ ਲੈ ਕੇ ਟਾਕੀ ਬਣਦੀ ਹੈ। ਬਾਬਾ ਤਾਂ ਗਰਭ ਤੋਂ ਜਨਮ ਨਹੀਂ ਲੈਂਦੇ ਹਨ। ਉਨ੍ਹਾਂ ਦਾ ਨਾਮ ਹੈ ਇਕ ਸ਼ਿਵ। ਬ੍ਰਹਮਾ ਵਿਸ਼ਨੂੰ ਸ਼ੰਕਰ ਨੂੰ ਆਪਣਾ ਸੁਖਸ਼ਮ ਸ਼ਰੀਰ ਹੈ। ਇਹ ਹੈ ਹੀ ਨਿਰਾਕਾਰ ਪਰਮਪਿਤਾ ਪਰਮਾਤਮਾ। ਫਿਰ ਉਨ੍ਹਾਂ ਦਾ ਨਾਮ ਹੈ ਸ਼ਿਵ, ਉਸ ਨੂੰ ਹੀ ਗਿਆਨ ਦਾ ਸਾਗਰ ਕਹਿੰਦੇ ਹਨ। ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਰਚਤਾ ਨਹੀਂ ਕਹਾਂਗੇ। ਰਚਤਾ ਇਕ ਹੀ ਨਿਰਾਕਾਰ ਨੂੰ ਕਿਹਾ ਜਾਂਦਾ ਹੈ। ਉਹ ਫਿਰ ਸਾਕਾਰੀ ਰਚਨਾ ਕਿਵੇਂ ਰਚੇ? ਤਾਂ ਬ੍ਰਹਮਾ ਦਵਾਰਾ ਆਕੇ ਸਮਝਾਉਂਦੇ ਹਨ। ਸ਼੍ਰੀਕ੍ਰਿਸ਼ਨ ਤਾਂ ਹੋ ਨਾ ਸਕੇ। ਬ੍ਰਹਮਾ ਦੇ ਹੱਥ ਵਿਚ ਹੀ ਵੇਦ ਸ਼ਾਸਤਰ ਵਿਖਾਉਂਦੇ ਹਨ। ਗਾਇਆ ਵੀ ਹੋਇਆ ਹੈ ਬ੍ਰਹਮਾ ਦਵਾਰਾ ਸਥਾਪਨਾ, ਬ੍ਰਹਮਾ ਦਵਾਰਾ ਸਾਰੇ ਵੇਦ ਸ਼ਾਸਤਰਾਂ ਦਾ ਸਾਰ ਸੁਣਾਉਂਦੇ ਹਨ। ਨਿਰਾਕਾਰ ਸੁਣਾਉਂਦੇ ਹਨ ਸਾਕਾਰ ਦਵਾਰਾ। ਇਹ ਗੱਲਾਂ ਚੰਗੀ ਤਰ੍ਹਾਂ ਧਾਰਨ ਕਰਨੀਆਂ ਪੈਂਦੀਆਂ ਹਨ। ਭਗਵਾਨੁਵਾਚ ਮੈਂ- ਰਾਜਯੋਗ ਸਿਖਲਾਉਂਦਾ ਹੈ। ਵਿਨਾਸ਼ ਤੋਂ ਪਹਿਲਾ ਸਥਾਪਨਾ ਵੀ ਜਰੂਰ ਚਾਹੀਦੀ ਹੈ। ਪਹਿਲੋਂ ਪਹਿਲੋਂ ਹੈ ਸਥਾਪਨਾ। ਬੜਾ ਹੀ ਕਲੀਅਰ ਕਰ ਲਿਖਦੇ ਰਹਿੰਦੇ ਹਨ। ਬ੍ਰਹਮਾ ਦਵਾਰਾ ਸੂਰਜ ਵੰਸ਼ੀ ਘਰਾਣੇ ਦੀ ਸਥਾਪਨਾ। ਲਿਖਤ ਵਿਚ ਬੜਾ ਵਧੀਆ ਰਾਜ਼ ਹੈ। ਪਰ ਜਦੋ ਕੋਈ ਮੇਹਨਤ ਕਰ ਸਰਵਿਸ ਵਿਚ ਲਗ ਜਾਵੇ। ਸਰਵਿਸ ਵਿਚ ਲਗ ਜਾਣ ਨਾਲ ਫਿਰ ਮਜਾ ਆਵੇਗਾ। ਮੰਮਾ - ਬਾਬਾ ਨੂੰ ਵੀ ਸਰਵਿਸ ਵਿਚ ਮਜਾ ਆਉਂਦਾ ਹੈ। ਬੱਚਿਆਂ ਨੂੰ ਵੀ ਸਰਵਿਸ ਕਰਨੀ ਹੈ। ਮੰਮਾ ਨੂੰ ਤਾ ਮੰਦਿਰ ਵਿਚ ਨਹੀਂ ਲੈ ਜਾਵਾਂਗੇ। ਮੰਮਾ ਦੀ ਬੜੀ ਮਹਿਮਾ ਹੈ, ਬੱਚਿਆਂ ਨੂੰ ਤਾਂ ਜਾਣਾ ਹੀ ਪਵੇ। ਬਾਬਾ ਕਹਿੰਦੇ ਹਨ ਵਾਨਪ੍ਰਸਥਿਆਂ ਦੇ ਕੋਲ ਜਾ ਕੇ ਪ੍ਰਸ਼ਨ ਪੁੱਛੋ ਫਿਰ ਸਮਝਾਓ ਕੀ ਕਦੇ ਗੀਤਾ ਪੜੀ ਹੈ? ਗੀਤਾ ਦਾ ਭਗਵਾਨ ਕੌਣ ਹੈ? ਭਗਵਾਨ ਤਾਂ ਇਕ ਹੀ ਨਿਰਾਕਾਰ ਹੁੰਦਾ ਹੈ। ਸਾਕਾਰ ਨੂੰ ਭਗਵਾਨ ਨਹੀਂ ਕਹਾਂਗੇ। ਭਗਵਾਨ ਇਕ ਹੈ। ਇਸ ਵਿਚ ਸਰਵਿਸ ਦਾ ਬੜਾ ਵਿਚਾਰ ਸਾਗਰ ਮੰਥਨ ਚਲਣਾ ਚਾਹੀਦਾ ਹੈ। ਪ੍ਰੈਕਟਿਸ ਕਰਨੀ ਹੈ ਤਾਂ ਬਾਹਰ ਜਾ ਕੇ ਟਰਾਇਲ ਕਰਨਾ ਚਾਹੀਦਾ ਹੈ। ਜਗਤ ਅੰਬਾ ਦਾ ਦਰਸ਼ਨ ਕਰਨ ਰੋਜ ਆਉਂਦੇ ਹਨ। ਤ੍ਰਿਵੈਣੀ ਤੇ ਵੀ ਮਨੁੱਖ ਬਹੁਤ ਜਾਂਦੇ ਹਨ। ਓਥੇ ਵੀ ਜਾ ਕੇ ਸਰਵਿਸ ਕਰਨ ਭਾਸ਼ਣ ਕਰਨ ਤਾਂ ਢੇਰ ਆਕੇ ਇਕੱਠੇ ਹੋਣਗੇ। ਬੁਲਾਵਾ ਦਿੰਦੇ ਰਹਿਣਗੇ - ਸਾਡੇ ਕੋਲ ਆਕੇ ਸਤਿਸੰਗ ਕਰੋ। ਬਾਬਾ - ਮੰਮਾ ਤੇ ਕਿਧਰੇ ਜਾ ਨਹੀਂ ਸਕਦੇ। ਬੱਚੇ ਜਾ ਸਕਦੇ ਹਨ। ਬੰਗਾਲ ਵਿਚ ਕਾਲੀ ਦਾ ਮੰਦਿਰ ਹੈ ਓਥੇ ਵੀ ਬੜੀ ਸੇਵਾ ਕਰ ਸਕਦੇ ਹੋ। ਕਾਲੀ ਕੌਣ ਹੈ? ਇਸ ਤੇ ਭਾਸ਼ਣ ਕਰੋ। ਪਰੰਤੂ ਹਿੰਮਤ ਚਾਹੀਦੀ ਹੈ। ਬਾਬਾ ਜਾਣਦੇ ਹਨ ਕੌਣ ਸਮਝਾ ਸਕਦੇ ਹਨ। ਜਿਨ੍ਹਾਂ ਵਿਚ ਦੇਹ ਅਭਿਮਾਨ ਹੈ ਉਹ ਕੀ ਸਰਵਿਸ ਕਰਨਗੇ? ਸਰਵਿਸ ਦਾ ਸਬੂਤ ਨਹੀਂ ਦਿੰਦੇ ਹਨ। ਸਰਵਿਸ ਜੇਕਰ ਨਹੀ ਕੀਤੀ ਤਾਂ ਨਾਮ ਬਦਨਾਮ ਕਰਨਗੇ। ਯੋਗੀ ਵਿੱਚ ਬਲ ਬੜਾ ਹੁੰਦਾ ਹੈ। ਸਮਝਾਉਣ ਲਈ ਪੁਆਇੰਟ ਤਾਂ ਬਹੁਤ ਦਿੰਦੇ ਰਹਿੰਦੇ ਹਨ। ਪਰ ਚੰਗੇ - ਚੰਗੇ ਮਹਾਰਥੀ ਵੀ ਭੁੱਲ ਜਾਂਦੇ ਹਨ। ਸਰਵਿਸ ਤਾਂ ਬਹੁਤ ਹੈ,

ਇਸਨੂੰ ਕਿਹਾ ਜਾਂਦਾ ਹੈ ਬੇਹੱਦ ਦੀ ਸਰਵਿਸ, ਫਿਰ ਮਾਨ ਵੀ ਬਹੁਤ ਪਾਉਂਦੇ ਹਨ। ਮੁੱਖ ਹੈ ਪਵਿੱਤਰਤਾ ਦੀ ਗੱਲ। ਚਲਦੇ-2 ਟੁੱਟ ਜਾਂਦੇ ਹਨ। ਲੌਕਿਕ ਬਾਪ ਤੋਂ ਕਦੇ ਕਿਸੇ ਦਾ ਵਿਸ਼ਵਾਸ ਨਹੀਂ ਟੁੱਟਦਾ। ਇਥੇ ਬਾਬਾ ਕੋਲ ਜਨਮ ਲੈਂਦੇ ਹਨ। ਇਸ ਤਰ੍ਹਾਂ ਦੇ ਬਾਪ ਨੂੰ ਫਿਰ ਭੁੱਲ ਜਾਂਦੇ ਹਨ। ਕਿਉਂਕਿ ਵਚਿੱਤਰ ਹਨ, ਅਜਿਹੇ ਬਾਪ ਦਾ ਚਿੱਤਰ ਨਹੀਂ ਹੈ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਅਤੇ ਤੁਸੀਂ ਪਵਿੱਤਰ ਬਣੋ ਤੇ ਮੇਰੇ ਕੋਲ ਆ ਜਾਓਗੇ। ਆਤਮਾ ਸਮਝਦੀ ਹੈ- ਅਸੀਂ ਹੀ 84 ਜਨਮ ਦਾ ਪਾਰਟ ਵਜਾਇਆ ਹੈ। ਆਤਮਾ ਵਿਚ ਪਾਰਟ ਨੂੰਧਿਆ ਹੋਇਆ ਹੈ। ਸ਼ਰੀਰ ਵਿਚ ਥੋੜ੍ਹੀ ਪਾਰਟ ਹੈ। ਕਿੰਨੀ ਛੋਟੀ ਜਿਹੀ ਆਤਮਾ ਵਿੱਚ ਕਿੰਨਾ ਭਾਰੀ ਪਾਰਟ ਹੈ। ਇਹ ਬੁੱਧੀ ਵਿਚ ਕਿੰਨਾ ਨਸ਼ਾ ਰਹਿਣਾ ਚਾਹੀਦਾ ਹੈ। ਵਿਵਹਾਰ ਦੇ ਨਾਲ ਇਹ ਵੀ ਸਰਵਿਸ ਕਰ ਸਕਦੇ ਹੋ। ਮਾਂ-ਬਾਪ ਤੇ ਕਿਧਰੇ ਵੀ ਨਹੀਂ ਜਾਣਗੇ। ਬੱਚੇ ਕਿੱਥੇ ਵੀ ਜਾ ਕੇ ਸਰਵਿਸ ਕਰ ਸਕਦੇ ਹਨ। ਬੱਚਿਆਂ ਨੂੰ ਵੀ ਲੱਕੀ ਸਟਾਰ ਕਿਹਾ ਜਾਂਦਾ ਹੈ। ਅੱਛਾ।

ਮਿੱਠੇ ਮਿੱਠੇ ਗਿਆਨ ਲੱਕੀ ਸਿਤਾਰਿਆਂ ਨੂੰ ਮਾਤ-ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1 ਦੇਹ ਅਭਿਮਾਨ ਛੱਡ ਕੇ ਸਰਵਿਸ ਕਰਨੀ ਹੈ। ਵਿਚਾਰ ਸਾਗਰ ਮੰਥਨ ਕਰਕੇ ਬੇਹੱਦ ਦੀ ਸਰਵਿਸ ਦਾ ਸਬੂਤ ਦੇਣਾ ਹੈ।

2 ਇਸ ਮ੍ਰਿਤੂਲੋਕ ਤੋਂ ਸਾਰੇ ਹਿਸਾਬ ਕਿਤਾਬ ਚੁਕਤੂ ਕਰਨੇ ਹਨ। ਪੁਰਾਣੀ ਦੇਹ ਅਤੇ ਪੁਰਾਣੀ ਦੁਨੀਆ ਨੂੰ ਬੁੱਧੀ ਤੋਂ ਭੁੱਲਦੇ ਜਾਣਾ ਹੈ।

ਵਰਦਾਨ:- ਇੱਕ ਦੀ ਸਮ੍ਰਿਤੀ ਦਵਾਰਾ ਇਕਰਸ ਸਥਿਤੀ ਬਨਾਉਣ ਵਾਲੇ ਉੱਚ ਪਦਵੀ ਦੇ ਅਧਿਕਾਰੀ ਭਵ।

ਇਕਰਸ ਸਥਿਤੀ ਬਨਾਉਣ ਦੇ ਲਈ ਸਦਾ ਇੱਕ ਦੀ ਸਮ੍ਰਿਤੀ ਵਿੱਚ ਸਥਿਤ ਰਹੋ। ਜੇਕਰ ਇੱਕ ਦੀ ਬਜਾਏ ਦੂਜਾ ਕੋਈ ਵੀ ਯਾਦ ਆਇਆ ਤਾਂ ਇਕਰਸ ਦੀ ਬਜਾਏ ਬਹੁਰਸ ਸਥਿਤੀ ਹੋ ਜਾਵੇਗੀ। ਜਿਸ ਵੇਲੇ ਹੋਰ ਕੋਈ ਰਸ ਆਕਰਸ਼ਿਤ ਕਰਦਾ ਹੈ, ਉਸ ਵੇਲੇ ਜੇਕਰ ਤੁਹਾਡਾ ਅੰਤਿਮ ਵੇਲਾ ਆ ਜਾਵੇ ਤਾਂ ਉੱਚ ਪਦਵੀ ਨਹੀਂ ਮਿਲ ਸਕਦੀ, ਇਸਲਈ ਹਰ ਸੈਕਿੰਡ ਅਟੈਂਸ਼ਨ ਰੱਖੋ। ਸਦਾ ਇੱਕ ਦਾ ਪਾਠ ਪੱਕਾ ਕਰੋ, ਇੱਕ ਬਾਪ, ਇੱਕ ਹੀ ਸੰਗਮ ਦਾ ਸਮਾਂ ਹੈ ਅਤੇ ਇੱਕ੍ਰਸ ਸਥਿਤੀ ਵਿਚ ਰਹਿਣਾ ਹੈ ਤਾਂ ਉੱਚ ਪਦਵੀ ਦਾ ਅਧਿਕਾਰ ਮਿਲ ਜਾਵੇਗਾ।

ਸਲੋਗਨ:- ਸ਼ੁੱਧ ਸੰਕਲਪਾਂ ਦਾ ਭੋਜਨ ਸਵੀਕਾਰ ਕਰਨ ਵਾਲੇ ਹੀ ਸੱਚੇ - ਸੱਚੇ ਵੈਸ਼ਨਵ ਹਨ।

******